# Universalization of the Membership of the International Solar Alliance (ISA)

January 15, 2021

---

## ਕੌਮਾਂਤਰੀ ਸੂਰਜੀ ਗਠਜੋੜ (ISA) ਦੀ ਸਦੱਸਤਾ ਦਾ ਵਿਸ਼ਵਵਿਆਪੀਕਰਨ

15 ਜਨਵਰੀ, 2021

1. ਕੌਮਾਂਤਰੀ ਸੂਰਜੀ ਗਠਜੋੜ ਪੈਰਿਸ ਵਿਖੇ ਹੋਈ COP 21 ਦੌਰਾਨ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਅਤੇ ਫਰਾਂਸੀਸੀ ਰਾਸ਼ਟਰਪਤੀ ਦੁਆਰਾ ਸਾਂਝੇ ਤੌਰ ਤੇ ਸ਼ੁਰੂ ਕੀਤਾ ਗਿਆ ਸੀ। ਇਸਦਾ ਉਦੇਸ਼ ਸੂਰਜੀ ਊਰਜਾ ਨੂੰ ਤੇਜ਼ੀ ਨਾਲ ਵੱਡੇ ਪੈਮਾਨੇ ਤੇ ਇਸਤੇਮਾਲ ਕਰ ਪੈਰਿਸ ਜਲਵਾਯੂ ਸਮਝੌਤੇ ਨੂੰ ਲਾਗੂ ਕਰਨ ਵਿੱਚ ਮਦਦ ਕਰਨਾ ਹੈ। 15 ਜਨਵਰੀ, 2021 ਤੱਕ 89 ਦੇਸ਼ਾਂ ਨੇ ISA ਦੇ ਫਰੇਮਵਰਕ ਸਮਝੌਤੇ 'ਤੇ ਹਸਤਾਖਰ ਕੀਤੇ ਹਨ ਅਤੇ ਇਨ੍ਹਾਂ ਵਿਚੋਂ 72 ਨੇ ਆਪਣੇ ਵੱਲੋਂ ਤਸਦੀਕ ਕੀਤੇ ਜਾਣ ਸਬੰਧੀ ਕਾਗਜ਼ਾਤ ਜਮ੍ਹਾ ਕਰਵਾ ਦਿੱਤੇ ਹਨ।

2. ਗਰਮ ਦੇਸ਼ਾਂ ਤੋਂ ਛੁੱਟ ਕੌਮਾਂਤਰੀ ਸੂਰਜੀ ਗਠਜੋੜ ਦੀ ਸਦੱਸਤਾ ਦੇ ਵਿਸ਼ਵਵਿਆਪੀਕਰਨ ਲਈ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਦੇ ਦਰਸ਼ਨ ਅਨੁਸਾਰ 3 ਅਕਤੂਬਰ, 2018 ਨੂੰ ਹੋਈ ISA ਦੀ ਪਹਿਲੀ ਜਨਰਲ ਅਸੈਂਬਲੀ ਵਿੱਚ ਕੌਮਾਂਤਰੀ ਸੂਰਜੀ ਗਠਜੋੜ (ISA) ਦੀ ਸਥਾਪਨਾ ਬਾਰੇ ਫ਼੍ਰੇਮਵਰਕ ਸਮਝੌਤੇ ਵਿੱਚ ਕੀਤੀ ਜਾਣ ਵਾਲੀ ਸੋਧ ਅੰਗੀਕਾਰ ਕੀਤੀ ਗਈ, ਤਾਂ ਜੋ ਕੌਮਾਂਤਰੀ ਸੂਰਜੀ ਗਠਜੋੜ ਦੀ ਸਦੱਸਤਾ ਸੰਯੁਕਤ ਰਾਸ਼ਟਰ ਦੇ ਸਾਰੇ ਮੈਂਬਰ ਦੇਸ਼ਾਂ ਤੱਕ ਵਿਸਥਾਰਤ ਕਰਕੇ ਇਸਦੀ ਸਦੱਸਤਾ ਦੇ ਦਾਇਰੇ ਨੂੰ ਵਧਾਇਆ ਜਾ ਸਕੇ।

3. ਕੌਮਾਂਤਰੀ ਸੂਰਜੀ ਗਠਜੋੜ ਦੇ ਫਰੇਮਵਰਕ ਸਮਝੌਤੇ ਦੁਆਰਾ ਨਿਰਧਾਰਤ ਲੋੜੀਂਦੀ ਸੰਖਿਆ ਵਿੱਚ ISA ਮੈਂਬਰ ਦੇਸ਼ਾਂ ਤੋਂ ਪ੍ਰਵਾਨਗੀਆਂ ਮਿਲਣ ਉਪਰੰਤ ਇਹ ਸੋਧ 8 ਜਨਵਰੀ, 2021 ਨੂੰ ਲਾਗੂ ਹੋ ਗਈ ਹੈ। ISA ਫਰੇਮਵਰਕ ਸਮਝੌਤੇ ਅੰਦਰ ਸੋਧ ਲਾਗੂ ਹੋਣ ਤੋਂ ਬਾਅਦ ਗਰਮ ਦੇਸ਼ਾਂ ਤੋਂ ਛੁੱਟ ਸੰਯੁਕਤ ਰਾਸ਼ਟਰ ਦੇ ਸਾਰੇ ਸਦੱਸ ਦੇਸ਼ ਕੌਮਾਂਤਰੀ ਸੂਰਜੀ ਗਠਜੋੜ ਵਿੱਚ ਸ਼ਾਮਲ ਹੋ ਸਕਣਗੇ।

4. ISA ਦਾ ਮਕਸਦ ਸਾਰੇ ਦੇਸ਼ਾਂ ਨੂੰ ਇੱਕਠੇ ਕਰ ਤਕਨਾਲੋਜੀ, ਵਿੱਤ ਅਤੇ ਸਮਰੱਥਾ ਦੇ ਲਿਹਾਜ਼ ਨਾਲ ਸੂਰਜੀ ਊਰਜਾ ਨੂੰ ਵੱਡੇ ਪੱਧਰ 'ਤੇ ਇਸਤੇਮਾਲ ਕਰਨ ਵਿੱਚ ਆ ਰਹੀਆਂ ਪ੍ਰਮੁੱਖ ਸਾਂਝੀਆਂ ਰੁਕਾਵਟਾਂ ਦਾ ਸਾਂਝਾ ਪ੍ਰਤੀਕ੍ਰਮ ਦੇਣਾ ਹੈ। ISA ਦੇ ਉਦੇਸ਼ ਹਨ - ਸਦੱਸ ਦੇਸ਼ਾਂ ਨੂੰ ਲਾਮਬੰਦ ਕਰਨਾ, ਕੌਮਾਂਤਰੀ ਸੰਗਠਨਾਂ ਤੋਂ ਵਚਨਬੱਧਤਾ ਲੈਣਾ ਅਤੇ ਨਿਜੀ ਖੇਤਰ ਨੂੰ ਲਾਮਬੰਦ ਕਰਨਾ, ਪੇਂਡੂ ਅਤੇ ਵਿਕੇਂਦਰੀਕ੍ਰਿਤ ਕੰਮਾਂ ਦੀ ਹਿਮਾਇਤ ਕਰਨਾ, ਸਸਤੇ ਕਰਜ਼ਿਆਂ, ਟਾਪੂ ਅਤੇ ਪਿੰਡ ਦੀਆਂ ਸੋਲਰ ਮਿੰਨੀ ਗਰਿੱਡਾਂ, ਛੱਤਾਂ ਉੱਤੇ ਉਪਕਰਨ ਲਾਉਣਾ ਅਤੇ ਸੋਲਰ ਈ-ਗਤੀਸ਼ੀਲਤਾ ਤਕਨਾਲੋਜੀਆਂ ਤੱਕ ਪਹੁੰਚ।

ਨਵੀਂ ਦਿੱਲੀ

15 ਜਨਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.